Workers' Compensation Board – Alberta

ਵਰਕਰ
ਤੱਥ ਸ਼ੀਟ

# WCB-ਐਲਬਰਟਾ ਦੇ ਫੈਸਲੇ ਉੱਤੇ ਸਵਾਲ ਕਰਨਾ

WCB-ਐਲਬਰਟਾ ਅਜਿਹੇ ਫੈਸਲੇ ਕਰਨ ਦਾ ਜਤਨ ਕਰਦਾ ਹੈ ਜੋ ਜਾਇਜ਼ ਹੋਣ, ਅਤੇ ਸਾਡੇ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਉਹਨਾਂ ਸਾਰੇ ਫ਼ੈਸਲਿਆਂ ਨੂੰ ਸਮਝੋ ਜੋ ਤੁਹਾਡੇ ਦਾਅਵੇ ਤੇ ਅਸਰ ਪਾਉਂਦੇ ਹਨ। ਜੇਕਰ ਤੁਸੀਂ ਕਿਸੇ ਫ਼ੈਸਲੇ ਦੀ ਸਮੀਖਿਆ ਕਰਵਾਉਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਹਿਯੋਗ-ਪੂਰਨ ਸਮੀਖਿਆ ਪ੍ਰਕਿਰਿਆ ਦੀ ਪਾਲਣਾ ਕਰੋ।

## ਸਹਿਯੋਗ-ਪੂਰਨ ਸਮੀਖਿਆ ਪ੍ਰਕਿਰਿਆ

### 1. ਉਸ ਵਿਅਕਤੀ ਨਾਲ ਸੰਪਰਕ ਕਰੋ ਜਿਸਨੇ ਫ਼ੈਸਲਾ ਕੀਤਾ ਹੈ (ਨਿਰਣਾਇਕ ਜਾਂ ਕੇਸ ਪ੍ਰਬੰਧਕ)

- ਉਹ ਸਾਰੇ ਤੱਥਾਂ ਨੂੰ ਵਿਸਤਾਰ ਨਾਲ ਸਮਝਾਉਣਗੇ ਜਿਹਨਾਂ ਦਾ ਅਧਿਐਨ ਫ਼ੈਸਲਾ ਕਰਨ ਵਿੱਚ ਕੀਤਾ ਗਿਆ ਸੀ।
- ਜੇਕਰ ਕੋਈ ਵਾਧੂ ਜਾਣਕਾਰੀ ਹੈ ਜੋ ਫ਼ੈਸਲੇ ਨੂੰ ਬਦਲ ਸਕਦੀ ਹੈ, WCB ਹਮੇਸ਼ਾ ਇਸ ਤੇ ਵਿਚਾਰ ਕਰੇਗਾ।

ਜੇਕਰ ਅਜੇ ਵੀ ਕੋਈ ਚਿੰਤਾਵਾਂ ਹਨ ਤਾਂ ਸਮੀਖਿਆ ਪ੍ਰਕਿਰਿਆ ਦੇ ਸਟੈਪ ਦੋ ਤੇ ਅੱਗੇ ਵਧੋ।

### 2. ਸਮੀਖਿਆ ਦੀ ਬੇਨਤੀ ਕਰੋ

ਇਸ *ਆਨਲਾਈਨ ਫਾਰਮ* ਨੂੰ ਪੂਰਾ ਕਰੋ ਜਾਂ ਤੁਸੀਂ 1-866-922-9221 ਤੇ ਟੋਲ-ਫ੍ਰੀ ਕਾਲ ਕਰਕੇ ਪੇਪਰ ਸੰਸਕਰਣ ਦੀ ਬੇਨਤੀ ਕਰ ਸਕਦੇ ਹੋ।

ਜਦੋਂ WCB ਤੁਹਾਡੀ ਬੇਨਤੀ ਪ੍ਰਾਪਤ ਕਰਦਾ ਹੈ, ਤਾਂ ਇੱਕ ਸੁਪਰਵਾਈਜ਼ਰ ਇੱਕ ਸੰਭਵ ਹੱਲ ਦੀ ਦਿਸ਼ਾ ਵਿੱਚ ਤੁਹਾਡੇ ਨਾਲ ਮਿਲ ਕੇ ਕੰਮ ਕਰੇਗਾ। ਇਹ ਸਹਿਯੋਗ ਆਮ ਤੌਰ ਤੇ ਜ਼ਿਆਦਾਤਰ ਮੁੱਦਿਆਂ ਨੂੰ ਸੁਲਝਾਉਂਦਾ ਹੈ, ਪਰ ਜੇਕਰ ਅਜੇ ਵੀ ਤੁਹਾਡੀਆਂ ਕੋਈ ਚਿੰਤਾਵਾਂ ਹਨ, ਤਾਂ WCB ਤੁਹਾਡੀ ਬੇਨਤੀ ਨੂੰ *ਵਿਵਾਦ ਹੱਲ ਅਤੇ ਫ਼ੈਸਲਾ ਸਮੀਖਿਆ ਸੰਸਥਾ (Dispute Resolution and Decision Review Body, DRDRB)* ਨੂੰ ਭੇਜ ਦੇਵੇਗਾ।

ਤੁਹਾਨੂੰ ਲਾਜ਼ਮੀ ਤੌਰ ਤੇ ਅਸਲ ਫ਼ੈਸਲੇ ਦੀ ਮਿਤੀ ਤੋਂ ਇੱਕ ਸਾਲ ਦੇ ਅੰਦਰ ਸਮੀਖਿਆ ਦੀ ਬੇਨਤੀ ਜਮ੍ਹਾਂ ਕਰਨੀ ਚਾਹੀਦੀ ਹੈ।

ਜੇ ਤੁਸੀਂ ਆਪਣੀ ਬੇਨਤੀ ਨੂੰ ਦੇਰ ਨਾਲ ਜਮ੍ਹਾਂ ਕਰ ਰਹੇ ਹੋ, ਤਾਂ ਤੁਸੀਂ ਸਮੇਂ ਦੀ ਮਿਆਦ ਨੂੰ ਵਧਾਉਣ ਵਾਸਤੇ DRDRB ਨੂੰ ਲਿਖਤ ਵਿੱਚ ਅਰਜ਼ੀ ਦੇ ਸਕਦੇ ਹੋ। ਸਮੇਂ ਦੀ ਮਿਆਦ ਵਧਾਉਣਾ ਮਨਜ਼ੂਰ ਕੀਤਾ ਜਾ ਸਕਦਾ ਹੈ, ਜਦੋਂ DRDRB ਮੰਨਦੀ ਹੈ ਕਿ ਦੇਰੀ ਲਈ ਜਾਇਜ਼ ਕਾਰਨ ਹੈ।

ਹਰ ਮਾਮਲੇ ਦਾ ਫੈਸਲਾ ਇਸਦੀ ਯੋਗਤਾ ਦੇ ਆਧਾਰ ਉੱਤੇ ਲਿੱਤਾ ਜਾਏਗਾ, ਦੇਰ ਲਈ ਇਹੋ ਜਿਹੇ ਕਾਰਨਾਂ ਉੱਤੇ ਵਿਚਾਰ ਕੀਤਾ ਜਾਏਗਾ:

- ਤੁਹਾਨੂੰ WCB ਵਲੋਂ ਉਚਿਤ ਨੋਟਿਸ ਦੀ ਕਮੀ ਕਰਕੇ ਫੈਸਲੇ ਬਾਰੇ ਪਤਾ ਨਹੀਂ ਸੀ ਅਤੇ ਤੁਹਾਨੂੰ ਫੈਸਲੇ ਦਾ ਪਤਾ ਲੱਗਦਿਆਂ ਹੀ, ਤੁਸੀਂ ਬੇਨਤੀ ਨੂੰ ਸਮੀਖਿਆ ਲਈ ਫਾਈਲ ਕਰਨ ਵਾਸਤੇ ਮੁਨਾਸਿਬ ਅਤੇ ਸਮੇਂ-ਸਿਰ ਕਦਮ ਪੁੱਟੇ।
- ਤੁਸੀਂ ਆਪਣੀ ਖਾਤਿਰ ਬੇਨਤੀ ਨੂੰ ਸਮੀਖਿਆ ਲਈ ਫਾਈਲ ਕਰਨ ਵਾਸਤੇ ਕਿਸੇ ਭਰੋਸੇਮੰਦ ਵਿਅਕਤੀ ਉੱਤੇ ਭਰੋਸਾ ਕੀਤਾ, ਅਤੇ ਤੁਹਾਨੂੰ ਇਹ ਪਤਾ ਲੱਗਦਿਆਂ ਹੀ ਕਿ ਵਿਅਕਤੀ ਬੇਨਤੀ ਨੂੰ ਸਮੀਖਿਆ ਲਈ ਫਾਈਲ ਕਰਨ ਵਿੱਚ ਅਸਫਲ ਹੋਇਆ ਸੀ, ਤੁਸੀਂ ਬੇਨਤੀ ਨੂੰ ਸਮੀਖਿਆ ਲਈ ਫਾਈਲ ਕਰਨ ਵਾਸਤੇ ਮੁਨਾਸਿਬ ਅਤੇ ਸਮੇਂ-ਸਿਰ ਕਦਮ ਚੁੱਕੇ।
- ਤੁਸੀਂ ਨਿਦਾਨ ਕੀਤੀ ਮਾਨਸਿਕ ਜਾਂ ਸਰੀਰਕ ਅਯੋਗਤਾ ਕਾਰਨ ਜਾਂ ਕਿਉਂਕਿ ਤੁਹਾਨੂੰ ਕੁਝ ਹੋਰ ਵੈਧ ਕਾਰਨ ਕਰਕੇ ਅਜਿਹਾ ਕਰਨ ਤੋਂ ਰੋਕਿਆ ਗਿਆ ਸੀ, ਤੁਸੀਂ ਸਮੀਖਿਆ ਲਈ ਬੇਨਤੀ ਕਰਨ ਦੇ ਅਯੋਗ ਸੀ।

ਤੁਹਾਨੂੰ ਦੇਰ ਲਈ ਆਪਣੇ ਕਾਰਨ ਦਾ ਸਮਰਥਨ ਕਰਨ ਲਈ ਲਿਖਤੀ ਦਸਤਾਵੇਜ਼ ਜਮ੍ਹਾਂ ਕਰਨਾ ਚਾਹੀਦਾ ਹੈ। ਇਹ ਵਿਚਾਰ ਕਰਨ ਲਈ ਕਿ ਵਧਾਇਆ ਗਿਆ ਸਮਾਂ ਮਨਜ਼ੂਰ ਕਰਨਾ ਹੈ ਜਾਂ ਨਹੀਂ, DRDRB ਤੁਹਾਡੀ ਦੇਰੀ ਲਈ ਕਾਰਨ ਅਤੇ ਵੱਧ ਸਮਾਂ ਮਨਜ਼ੂਰ ਕਰਨ ਦੀ ਸਮੁੱਚੀ ਨਿਰਪੱਖਤਾ ਉੱਤੇ ਵਿਚਾਰ ਕਰੇਗਾ।

ਜਿਹੜੇ ਮਾਮਲਿਆਂ ਵਿੱਚ ਵਧਾਇਆ ਸਮਾਂ ਮਨਜ਼ੂਰ ਕੀਤਾ ਜਾਂਦਾ ਹੈ, DRDRB ਅਜਿਹੀਆਂ ਸਥਿਤੀਆਂ ਨੂੰ ਦਰਸਾ ਸਕਦਾ ਹੈ, ਜਿਵੇਂ ਕਿ ਕੀਤੇ ਜਾਣ ਵਾਲੇ ਕੁਝ ਕੰਮਾਂ ਲਈ ਸਮਾਂ-ਸੀਮਾਵਾਂ ਤੈਅ ਕਰਨਾ।

### 3. ਵਿਵਾਦ ਹੱਲ ਅਤੇ ਫ਼ੈਸਲਾ ਸਮੀਖਿਆ ਸੰਸਥਾ (Dispute Resolution and Decision Review Body) (DRDRB) ਨਾਲ ਸੰਪਰਕ ਕਰੋ

ਤੁਹਾਡੀ ਫਾਈਲ ਦੀ ਸਮੀਖਿਆ ਹੋਣ ਤੋਂ ਪਹਿਲਾਂ, ਇੱਕ ਸਮੀਖਿਆ ਮਾਹਰ ਤੁਹਾਡੇ ਨਾਲ ਇਸ ਲਈ ਸੰਪਰਕ ਕਰੇਗਾ:

- ਇਹ ਯਕੀਨੀ ਬਣਾਉਣ ਲਈ ਕਿ ਉਹ ਤੁਹਾਡੇ ਖਾਸ ਮੁੱਦਿਆਂ ਅਤੇ ਚਿੰਤਾਵਾਂ ਨੂੰ ਸਮਝਦੇ ਹਨ।
- ਫ਼ੈਸਲੇ ਦੇ ਪ੍ਰਤੀ ਤੁਹਾਡੀ ਸਮਝ ਨੂੰ ਨਿਰਧਾਰਿਤ ਕਰਨ ਲਈ।

DRDRB ਇਹ ਯਕੀਨੀ ਬਣਾਵੇਗਾ ਕਿ ਮਾਹਰ ਦੁਆਰਾ ਤੁਹਾਡੇ ਮਾਮਲੇ ਤੇ ਮੁਲਾਂਕਣ ਕਰਨ ਤੋਂ ਪਹਿਲਾਂ ਤੁਹਾਡੇ ਕੋਲ ਆਪਣੇ ਮੁੱਦੇ ਨੂੰ ਵਰਣਨ ਕਰਨ ਦਾ ਇੱਕ ਸਪਸ਼ਟ ਮੌਕਾ ਹੈ। ਸਮੀਖਿਆ ਮਾਹਰ ਤੁਹਾਨੂੰ ਤੁਹਾਡੇ ਮੁੱਦੇ ਨੂੰ ਹੱਲ ਕਰਨ ਲਈ ਬਿਹਤਰ ਦ੍ਰਿਸ਼ਟੀਕੋਣ ਨਿਰਧਾਰਿਤ ਕਰਨ ਲਈ ਕਹੇਗਾ। ਉਦਾਹਰਨ ਲਈ, ਵੱਧ ਉਲਝਵੇਂ ਕੇਸਾਂ ਲਈ ਇੱਕ ਟੈਲੀਫੋਨ/ਕਾਨਫਰੰਸ ਮੀਟਿੰਗ ਦੀ ਸਿਫਾਰਿਸ਼ ਕੀਤੀ ਜਾ ਸਕਦੀ ਹੈ ਜਿਹਨਾਂ ਵਿੱਚ ਸ਼ਾਮਿਲ ਪਾਰਟੀਆਂ ਨਾਲ ਫ਼ੈਸਲੇ ਦੀ ਇੱਕ ਗਹਿਰੀ ਚਰਚਾ ਦੀ ਲੋੜ ਹੋਵੇ। ਉਸ ਬਿੰਦੂ ਤੋਂ ਬਾਅਦ, ਮਾਹਰ ਤੁਹਾਡੀ ਫਾਈਲ ਦੀ ਸਮੀਖਿਆ ਕਰੇਗਾ ਅਤੇ ਜਦੋਂ ਸਮੀਖਿਆ ਪੂਰੀ ਹੋ ਜਾਂਦੀ ਹੈ ਤਾਂ ਤੁਹਾਨੂੰ ਇੱਕ ਲਿਖਤ ਫ਼ੈਸਲਾ ਭੇਜੇਗਾ।

## DRDRB ਫ਼ੈਸਲੇ ਦੀ ਅਪੀਲ ਕਰਨਾ

ਜੇਕਰ ਤੁਸੀਂ ਸਾਡੀ ਸਮੀਖਿਆ ਪ੍ਰਕਿਰਿਆ ਦੇ ਨਤੀਜਿਆਂ ਤੋਂ ਸੰਤੁਸ਼ਟ ਨਹੀਂ ਹੋ, ਤਾਂ ਤੁਸੀਂ ਅਪੀਲਸ ਕਮੀਸ਼ਨ ਰਾਹੀਂ DRDRB ਫੈਸਲੇ ਦੀ ਅਪੀਲ ਕਰ ਸਕਦੇ ਹੋ। ਜੇ DRDRB ਦਾ ਨਿਰਣਾ 1 ਸਿਤੰਬਰ 2018 ਤੋਂ ਪਹਿਲਾਂ ਦੀ ਤਾਰੀਖ ਵਿੱਚ ਲਿਆ ਗਿਆ ਹੈ, ਤਾਂ ਤੁਹਾਡੇ ਕੋਲ ਅਪੀਲ ਕਮੀਸ਼ਨ ਨੂੰ ਆਪਣੀ ਲਿਖਤੀ ਅਪੀਲ ਜਮ੍ਹਾਂ ਕਰਨ ਲਈ ਇੱਕ ਸਾਲ ਦਾ ਸਮਾਂ ਹੈ। ਜੇ ਇਹ 1 ਸਿਤੰਬਰ 2018 ਨੂੰ ਜਾਂ ਉਸਤੋਂ ਬਾਅਦ ਦੀ ਤਾਰੀਖ ਦਾ ਹੈ, ਤਾਂ ਤੁਹਾਡੇ ਕੋਲ ਆਪਣੀ ਅਪੀਲ ਸਬਮਿਟ ਕਰ ਲਈ ਦੋ ਸਾਲ ਦਾ ਸਮਾਂ ਹੈ।

ਅਪੀਲਸ ਕਮੀਸ਼ਨ ਨਾਲ ਇੱਥੇ ਸੰਪਰਕ ਕਰੋ:

***Appeals Commission***
***Standard Life Centre***
***#1100, 10405 Jasper Ave.***
***Edmonton AB  T5J 3N4***
***www.appealscommission.ab.ca***

## ਤੁਹਾਡੀ ਦਾਅਵਾ ਫਾਈਲ

ਤੁਸੀਂ ਆਪਣੇ ਦਾਅਵੇ ਦੀ ਇੱਕ ਕਾਪੀ ਬਿਨਾਂ ਕਿਸੇ ਫੀਸ ਦੇ ਪ੍ਰਾਪਤ ਕਰ ਸਕਦੇ ਹੋ। ਸਿਰਫ਼ ਸਾਡੇ ਗਾਹਕ ਸੰਪਰਕ ਕੇਂਦਰ ਨੂੰ ਫੋਨ ਕਰੋ। ਤੁਹਾਡੀ ਫਾਈਲ ਦੇ ਬਾਅਦ ਦੇ ਅਪਡੇਟ ਬਿਨਾਂ ਕਿਸੇ ਫੀਸ ਦੇ ਉਪਲਬਧ ਹਨ।

## ਨੁਮਾਇੰਦਗੀ

ਤੁਸੀਂ ਪੂਰੀ ਸਮੀਖਿਆ ਪ੍ਰਕਿਰਿਆ ਦੇ ਕਿਸੇ ਵੀ ਸਮੇਂ ਨੁਮਾਇੰਦਗੀ ਪ੍ਰਾਪਤ ਕਰ ਸਕਦੇ ਹੋ। ਤੁਹਾਡਾ ਆਪਣੀ ਫਾਈਲ ਪ੍ਰਾਪਤ ਕਰਨ ਅਤੇ ਆਪਣੇ ਪ੍ਰਤੀਨਿਧ ਦੇ ਤੌਰ ਤੇ ਕੰਮ ਕਰਨ ਲਈ ਉਹਨਾਂ ਨੂੰ ਲਿਖਤੀ ਆਗਿਆ ਪ੍ਰਦਾਨ ਕਰਨਾ ਲਾਜ਼ਮੀ ਹੈ। ਜੇਕਰ ਤੁਸੀਂ ਕੋਈ ਵਕੀਲ ਜਾਂ ਕਿਸੇ ਸਮਰਥਕ ਨੂੰ ਆਪਣੇ ਪ੍ਰਤੀਨਿਧ ਦੇ ਤੌਰ ਤੇ ਚੁਣਦੇ ਹੋ, ਤਾਂ ਉਹਨਾਂ ਦੀ ਫੀਸ ਤੁਹਾਨੂੰ ਦੇਣੀ ਪਵੇਗੀ।

ਹੇਠਾਂ ਕੁਝ ਸਵਾਲ ਦਿੱਤੇ ਹਨ ਜੋ ਤੁਹਾਨੂੰ ਇੱਕ ਪ੍ਰਤੀਨਿਧ ਦੀ ਚੋਣ ਕਰਨ ਤੋਂ ਪਹਿਲਾਂ ਪੁੱਛਣੇ ਚਾਹੀਦੇ ਹਨ:

- WCB-ਐਲਬਰਟਾ ਨਾਲ ਤੁਹਾਡਾ ਕੀ ਅਨੁਭਵ ਹੈ?
- ਕੀ ਤੁਸੀਂ *ਕਰਮਚਾਰੀ ਮੁਆਵਜ਼ਾ ਅਧਿਨਿਯਮ (Workers' Compensation Act)* ਅਤੇ WCB ਦੀਆਂ ਨੀਤੀਆਂ ਬਾਰੇ ਜਾਣਦੇ ਅਤੇ ਉਹਨਾਂ ਨੂੰ ਸਮਝਦੇ ਹੋ?
- ਤੁਸੀਂ ਕਿਹੜੀਆਂ ਸੇਵਾਵਾਂ ਪ੍ਰਦਾਨ ਕਰਦੇ ਹੋ?
- ਤੁਹਾਡੀਆਂ ਕਿੰਨੀਆਂ ਸੇਵਾਵਾਂ ਹਨ?

## ਬੇਨਤੀ ਸਲਾਹਕਾਰ ਦਾ ਦਫਤਰ (Office of the Appeals Advisor, OAA)

ਤੁਸੀਂ OAA ਵਲੋਂ ਨੁਮਾਇੰਦੇ ਦੀ ਬੇਨਤੀ ਵੀ ਕਰ ਸਕਦੇ ਹੋ। ਸੇਵਾਵਾਂ, ਸਮੀਖਿਆ ਪ੍ਰਕਿਰਿਆ ਦੇ ਕਿਸੇ ਵੀ ਸਮੇਂ ਉਪਲਬਧ ਹਨ ਅਤੇ ***ਮੁਫ਼ਤ*** ਹਨ। ਕਿਰਪਾ ਕਰਕੇ ਵਧੇਰੀ ਜਾਣਕਾਰੀ ਲਈ*http://www.workeradvocates.ca* ਤੇ ਜਾਓ।